www.chaupaisahib.org
info@chaupaisahib.org
+44 (0) 7799 220 834

1,000,000 Chaupai Sahibs by June 2009

ਗੁਰੂ ਰੂਪ ਖਾਲਸਾ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹਿ ਜੀ

1984 ਵਿਚ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਅਤੇ ਨਵੰਬਰ ੮੪ ਦੇ ਦਿੱਲੀ ਦੰਗਿਆਂ ਨੂੰ ੨੫ ਸਾਲ ਹੋਣ ਜਾ ਰਹੇ ਹਨ। ਇਨ੍ਹਾਂ ਦੁਖਦਾਈ ਘਟਨਾਵਾਂ ਦੇ ੨੫ ਸਾਲ ਦੇ ਬਾਅਦ ਵੀ ਸਾਨੂੰ ਕੋਈ ਇਨਸਾਫ ਨਹੀਂ ਮਿਲਿਆ ਯਾਂ ਨਾਮਾਤਰ ਹੀ ਮਿਲਿਆ ਹੈ। ਇਨਾਂ ਘਟਨਾਵਾਂ ਨੂੰ ਯਾਦ ਕਰਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਖਾਲਸਾ ਪੰਥ ਦੇ ਨੌਜਵਾਨ ਸਿੰਘਾਂ ਨੇ ਇਕ ਪਰੋਗ੍ਰਾਮ ਮਿਥਿਆ ਹੈ

1 ਫਰਵਰੀ 2009 ਤੋਂ 6 ਜੂਨ 2009 ਤਕ ੧੦ ਲੱਖ ਚੌਪਈ ਸਾਹਿਬ ਦੇ ਪਾਠ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਦੁਨੀਆ ਭਰ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨੇ ਵੀ ਚੌਪਈ ਸਾਹਿਬ ਦੇ ਪਾਠ ਕਰ ਸਕਦੇ ਹਨ ਕਰਨ। ਇਸ ਕਾਰਜ ਦਾ ਮੁੱਖ ਮੰਤਵ ਕੌਮ ਦੀ ਚੜ੍ਹਦੀਕਲਾ ਅਤੇ ਇਨਸਾਫ ਦੀ ਪ੍ਰਾਪਤੀ ਹੈ। ਹੁਣ ਤਕ ਸਮੂਹ ਨੌਜਵਾਨਾਂ ਵਲੋਂ 50000 ਚੌਪਈ ਸਾਹਿਬ ਦੇ ਪਾਠ ਹੋ ਚੁਕੇ ਹਨ ਜਿਸ ਵਿਚ ਕਨੇਡਾ, ਅਮਰੀਕਾ,ਮਲੇਸ਼ੀਆ,ਭਾਰਤ,ਇੰਗਲੈਂਡ,ਫਰਾਂਸ ,ਜਪਾਨ, ਅਤੇ ਹੌਲੈਂਡ ਆਦਿ ਦੀਆਂ ਸੰਗਤਾਂ ਸ਼ਾਮਲ ਹਨ।

ਜਿਵੇਂ ਕਿ ਸਾਧ ਸੰਗਤ ਜੀ ਇਹ ਕਾਰਜ ਬਹੁਤ ਵਡਾ ਹੈ ਸਤਿਗੁਰੂ ਜੀ ਦੀ ਕ੍ਰਿਪਾ ਅਤੇ ਆਪ ਜੀ ਦੇ ਸਹਿਯੋਗ ਤੋਂ ਬਿਨਾ ਇਹ ਕਾਰਜ ਪੂਰਾ ਨਹੀਂ ਹੋ ਸਕਦਾ।

ਸੋ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਆਪ ਜੀ ਸੰਗਤਾਂ ਨੂੰ ਪ੍ਰੇਰਨਾਂ ਦੇ ਕਰਕੇ ਕੌਮ ਦੀ ਚੜ੍ਹਦੀਕਲਾ ਵਾਸਤੇ ਇਸ ਕਾਰਜ ਵਿਚ ਵਧ ਤੋਂ ਵਧ ਯੋਗਦਾਨ ਪਾ ਕੇ ਕੌਮ ਦੇ ਵਾਲੀ ਸਾਹਿਬ ਗੁਰੁ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ:-

ਪਾਠਾਂ ਦੀ ਗਿਣਤੀ ਕਰਨ ਵਾਸਤੇ ਆਪਣੇ ਪਾਸ ਸੰਗਤਾਂ ਦੇ ਨਾਮ ਲਿਖੋ ਅਤੇ www.chaupaisahib.org ਤੇ ਜਮਾਂ ਕਰੋ ਜੀ ਜਾਂ ਜੋ ਗੁਪਤ ਸੇਵਾ ਕਰਨਾ ਚਾਹੁੰਦੇ ਹਨ ਉਹਨਾਂ ਨੂੰ ਬੇਨਤੀ ਕਰੋ ਕਿ ਉਹ ਆਪ ਹੀ ਕੀਤੇ ਹੋਏ ਪਾਠ ਵੈਬਸਾਈਟ ਤੇ ਜਮਾਂ ਕਰ ਦੇਣ। ਇਸ ਤੋਂ ਇਲਾਵਾ ਗਿਣਤੀ ਦਰਜ ਕਰਨ ਲਈ ਰਸੀਦ ਬੁਕਾਂ ਹੇਠ ਲਿਖੇ ਨੰਬਰ ਜਾਂ ਈ ਮੇਲ ਤੇ ਸੰਪਰਕ ਕਰ ਕੇ ਪ੍ਰਾਪਤ ਕਰੋ ਜੀ।

ਵਧੇਰੇ ਜਾਣਕਾਰੀ ਵਾਸਤੇ ਸਾਡੇ ਮੋਬਾਈਲ ਨੰ:+44 (0)7799220834 ਤੇ ਜਾਂ info@chaupaisahib.org ਸੰਪਰਕ ਕਰਨ ਦੀ ਕਿਰਪਾਲਤਾ ਕਰੋ ਜੀ।

ਧੰਨਵਾਦੀ ਹੋਵਾਂਗੇ ।

ਗੁਰੁ ਪੰਥ ਦੇ ਦਾਸ